**ਸ਼੍ਰੇਣੀ ਬਾਰਵੀਂ**

**ਪ੍ਰਸ਼ਨ-ਪੱਤਰ (1)**

**ਪੰਜਾਬੀ ਲਾਜ਼ਮੀ**

**ਸੁਣਨ ਤੇ ਬੋਲਣ ਤੋਂ ਅਸਮਰਥ ਵਿਦਿਆਰਥੀਆਂ ਲਈ**

**ਵੱਧ ਤੋਂ ਵੱਧ ਅੰਕ 65**

**ਅੰਤਰਿਕ ਮੁਲਾਂਕਣ10**

**ਕੁੱਲ 75**

**ਵਸਤੂਨਿਸ਼ਠ ਪ੍ਰਸ਼ਨ**

**ਹਰੇਕ ਵਸਤੂਨਿਸ਼ਠ ਪ੍ਰਸ਼ਨ ਦੇ 2 ਅੰਕ ਹਨ।**

**ਬਹੁਚੋਣਵੇ ਪ੍ਰਸ਼ਨ**

1. ਪੰਜਾਬੀ ਸੱਭਿਆਚਾਰ ਲੇਖ ਕਿਸ ਦੀ ਰਚਨਾ ਹੈ।

   (ੳ) ਡਾ ਜਸਵਿੰਦਰ ਸਿੰਘ (ਅ) ਡਾ ਬਰਿੰਦਰ ਕੈਰੋਂ

   (ੲ) ਗੁਲਜ਼ਾਰ ਸਿੰਘ ਸੰਧੂ (ਸ) ਡਾ ਜੁਗਿੰਦਰ ਸਿੰਘ ਕੈਰੋਂ 2

2. ਕਿਹੜੀ ਚੀਜ਼ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਸਮਾਈ ਹੋਈ ਹੈ

   (ੳ) ਮੇਲਾ (ਅ) ਖੇਡਾਂ (ੲ) ਲੜਾਈ (ਸ) ਰੋਣਾ 2

3. ਜਰਗ ਦੇ ਮੇਲੇ ਵਿੱਚ ਗੁਲਗੁਲੇ ਕਿਨਾਂ ਨੂੰ ਖੁਆਏ ਜਾਂਦੇ ਹਨ।

   (ੳ) ਮੁੰਡਿਆਂ ਨੂੰ (ਅ) ਕੁੜੀਆਂ ਨੂੰ (ੲ) ਘੋੜਿਆਂ ਨੂੰ (ਸ) ਖੋਤਿਆਂ ਨੂੰ 2

4. ਲੋਕ-ਖੇਡਾਂ ਸਰੀਰਿਕ ਕਸਰਤ ਤੋਂ ਇਲਾਵਾ ਹੋਰ ਕਿਸ ਚੀਜ਼ ਦਾ ਸਾਧਨ ਹਨ?

   (ੳ) ਮਨੋਰੰਜਨ ਦਾ (ਅ) ਪੜਾਈ ਦਾ (ੲ) ਕਾਰੋਬਾਰ ਦਾ (ਸ) ਮਨ-ਮਰਜ਼ੀ ਕਰਨ ਦਾ। 2

ਖਾਲੀ ਥਾਂਵਾਂ ਭਰੋ

5. 'ਤਾਜਮਹਲ' ਕਵਿਤਾ -----------ਦੀ ਲਿਖੀ ਹੋਈ ਹੈ। 2

6. ਹੇਠ ਲਿਖੇ ਸ਼ਬਦ-ਸਮੂਹ 'ਚੋਂ ਸ਼ਬਦ-ਕੋਸ਼ ਤਰਤੀਬ ਅਨੁਸਾਰ ਢੁਕਵੇਂ ਸ਼ਬਦ ਭਰੋ

| | |
|---|---|
| ਖਾਲਸਾ | ਸਤਪੁਰਖ |
| ਸਤਪੁਰਖ | ............ |
| ਕੱਕਰ | ............ |
| ਕਸਰਤ | ਖਾਲਸਾ |

2

7. ..................ਆਪੇ ਮੇਰੇ ਬੱਚੇ ਜੀਣ। 2

8. 'ਆਪਣਾ ਦੇਸ' ਕਹਾਣੀ ..................ਦੀ ਲਿਖੀ ਹੋਈ ਹੈ। 2

ਹੇਠ ਲਿਖਿਆਂ ਵਿਚੋਂ ਕਿਹੜੇ ਕਥਨ ਸਹੀ ਹਨ ਤੇ ਕਿਹੜੇ ਗਲਤ

9. ਜੀਵਨ ਨਾਟਕ ਦੇ ਅਰੰਭ ਤੋਂ ਅੰਤ ਤੱਕ ਭਿੰਨ-ਭਿੰਨ ਰਸਮ-ਰਿਵਾਜ ਕੀਤੇ ਜਾਂਦੇ ਹਨ। 2

10. 'ਸੌਂਚੀ ਪੱਕੀ' ਹਾਕੀ ਨਾਲ ਮਿਲਦੀ-ਜੁਲਦੀ ਖੇਡ ਹੈ। 2

11. 'ਤੇਰੇ ਭਰਾ ਦਾ ਨਾਂ ਕੀ ਹੈ'? ਇੱਕ ਸਧਾਰਨ ਵਾਕ ਹੈ। 2

12. 'ਘਰ ਜਾਹ ਆਪਣੇ' ਕਹਾਣੀ 'ਚ ਗਵੱਈਏ ਨੇ ਹਾਰਮੋਨੀਅਮ ਨਾਲ ਆਪਣਾ ਗਾਣਾ ਗਾਇਆ। 2

ਹੇਠ ਲਿਖਿਆਂ ਦਾ ਆਪਸ ਵਿੱਚ ਸਹੀ ਮਿਲਾਣ ਕਰੋ।

13. ਲੇਖਕਾਂ ਦੇ ਨਾਂ ਠੀਕ ਕਰਕੇ ਲਿਖੋ (ਰਚਨਾ ਅਨੁਸਾਰ)

| | |
|---|---|
| ਪੰਜਾਬ ਦੇ ਰਸਮ-ਰਿਵਾਜ | ਡਾ. ਰਾਜਿੰਦਰਪਾਲ ਸਿੰਘ ਬਰਾੜ |
| ਪੰਜਾਬੀ ਸੱਭਿਆਚਾਰਿਕ ਪਰਿਵਰਤਨ | ਸ੍ਰੀ ਸੁਖਦੇਵ ਮਾਦਪੁਰੀ |
| ਪੰਜਾਬ ਦੀਆਂ ਲੋਕ-ਖੇਡਾਂ | ਸ੍ਰੀ ਗੁਲਜਾਰ ਸਿੰਘ ਸੰਧੂ। 2 |

14. ਕਹਾਣੀ ਦਾ ਨਾਂ ਸੰਬੰਧਿਤ ਲੇਖਕ ਸਾਮਣੇ ਲਿਖੋ

| | |
|---|---|
| ਸੰਤੋਖ ਸਿੰਘ ਧੀਰ | ਸਤੀਆਂ ਸੇਈ |
| ਪ੍ਰੇਮ ਪ੍ਰਕਾਸ਼ | ਆਪਣਾ ਦੇਸ |
| ਦਲੀਪ ਕੌਰ ਟਿਵਾਣਾ | ਮਾੜਾ ਬੰਦਾ 2 |

15. ਕਵਿਤਾ ਦਾ ਨਾਂ ਸੰਬੰਧਿਤ ਕਵੀ ਸਾਮਣੇ ਲਿਖੋ।

| | |
|---|---|
| ਚੁੰਮ-ਚੁੰਮ ਰੱਖੋ | ਡਾ. ਦੀਵਾਨ ਸਿੰਘ ਕਾਲੇਪਾਣੀ |
| ਵਗਦੇ ਪਾਣੀ | ਪ੍ਰੋ. ਪੂਰਨ ਸਿੰਘ |
| ਪੁਰਾਣੇ ਪੰਜਾਬ ਨੂੰ ਅਵਾਜਾਂ | ਨੰਦ ਲਾਲ ਨੂਰਪੁਰੀ। 2 |

$15 \times 2 = 30$

16. ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ।

ਜਾਂ 5

ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ? 5

17. ਮੈਸਰਜ ਗਰਗ ਫੋਟੋਸਟੈਟ ਹਾਊਸ ਨੇ ਸ੍ਰੀ ਅੰਮਿਤਸਰ ਸਾਹਿਬ ਮੈਸਰਜ ਮਾਡਰਨ ਇੰਜੀਨਅਰ ਤਕਨਾਲੋਜੀ ਲੁਧਿਆਣਾ ਨੂੰ ਇੱਕ ਫੋਟੋਸਟੈਟ ਮਸ਼ੀਨ ਦਾ ਆਰਡਰ ਦਿੱਤਾ ਸੀ। ਮਸ਼ੀਨ ਮਿਲਣ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ, ਫੋਟੋਸਟੈਟ ਕਾਪੀ ਸਾਫ ਨਹੀਂ ਕੱਢਦੀ। ਇਸ ਮਸ਼ੀਨ ਨੂੰ ਠੀਕ ਕਰਵਾਉਣ ਬਾਰੇ ਪੱਤਰ ਲਿਖੋ

ਜਾਂ $1\frac{1}{2}+4+1\frac{1}{2}=7$

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਸਾਉਣੀ ਦੀਆਂ ਫਸਲਾਂ ਦੇ ਬੀਜਾਂ ਦੀ ਉਪਲਬਧਤਾ, ਸਿਖਲਾਈ ਪ੍ਰੋਗ੍ਰਾਮਾਂ, ਖੇਤੀ-ਬਾੜੀ ਸਾਹਿਤ, ਸਾਉਣੀ ਦੀਆਂ ਫਸਲਾਂ ਦੇ ਸੰਭਾਵਿਤ ਰੋਗਾਂ ਤੇ ਰੋਕਥਾਮ ਆਦਿ ਬਾਰੇ ਜਾਣਕਾਰੀ ਦੀ ਮੰਗ ਕਰੋ। $1\frac{1}{2}+4+1\frac{1}{2}=7$

18. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ

ਕੀ ਘਰ ਵੱਡਿਆਂ ਲਈ ਹੈ ਜਾਂ ਬੱਚਿਆਂ ਵਾਸਤੇ ਕੀ ਘਰ ਦਾ ਪ੍ਰੋਗਰਾਮ ਬੱਚਿਆਂ ਨੂੰ ਮੁੱਖ ਰੱਖ ਕੇ ਬਣਾਉਣਾ ਚਾਹੀਦਾ ਹੈ ਕਿ ਮਾਪਿਆਂ ਤੇ ਹੋਰ ਵੱਡਿਆਂ ਨੂੰ ਕਹਿਣ ਨੂੰ ਤਾਂ ਸਾਰੇ ਇਹ ਕਹਿਣਗੇ ਕਿ ਬੱਚੇ ਦੀ ਸਹੂਲਤ ਬੱਚੇ ਦਾ ਅਰਾਮ ਤੇ ਬੱਚੇ ਦੀਆਂ ਲੋੜਾਂ ਸਭ ਤੋਂ ਪਹਿਲਾਂ ਹੋਣੀਆਂ ਚਾਹੀਦੀਆਂ ਹਨ ਪਰ ਅਸਲ ਵਿੱਚ ਇਹ ਨਹੀਂ ਹੁੰਦਾ। ਜਦ ਬੱਚੇ ਨੂੰ ਅਰਾਮ ਦੀ ਲੋੜ ਹੁੰਦੀ ਹੈ ਤਾਂ ਵੱਡੇ ਸ਼ੋਰ ਮਚਾ ਸਕਦੇ ਹਨ, ਪਰ ਜਦ ਵੱਡੇ ਅਰਾਮ ਕਰ ਰਹੇ ਹੁੰਦੇ ਹਨ ਤਾਂ ਬੱਚੇ ਨੂੰ ਸ਼ੋਰ ਮਚਾਉਣ ਦਾ ਹੱਕ ਨਹੀਂ ਹੁੰਦਾ । ਜੇ ਬੱਚਾ ਸ਼ੋਰ ਮਚਾਏ ਤਾਂ ਉਸ ਨੂੰ ਬਾਹਰ ਭੇਜ ਦਿੱਤਾ ਜਾਂਦਾ ਹੈ। ਜੇ ਕਦੇ ਬਾਹਰ ਬੱਚਾ ਜਾਣਾ ਚਾਹੇਗਾ, ਤਾਂ ਸਾਡੀ ਮਰਜੀ ਹੋਵੇਗੀ ਉਸ ਨੂੰ ਭੇਜਾਂਗੇ, ਪਰ ਜਦ ਅਸੀਂ ਬਾਹਰ ਸੈਰ ਕਰਨ ਜਾਣਾ ਹੋਵੇ ਤਾਂ ਬੱਚੇ ਨੂੰ ਉਸ ਦੀ ਮਰਜੀ ਦੇ ਖਿਲਾਫ ਵੀ ਧਰੀਕ ਕੇ ਲੈ ਜਾਵਾਂਗੇ। ਦੂਜੇ ਮਹਾਨ ਯੁੱਧ ਵਿੱਚ ਜਦੋਂ ਇੰਗਲਿਸਤਾਨ ਦੇ ਤਬਾਹ ਹੋ ਜਾਣ ਦਾ ਖਤਰਾ ਸੀ ਤਾਂ ਸਰਕਾਰ ਨੇ ਸਭ ਤੋਂ ਪਹਿਲਾਂ ਇੰਤਜਾਮ ਬੱਚਿਆਂ ਨੂੰ ਬਚਾਉਣ ਦਾ ਕੀਤਾ। ਬੱਚਿਆਂ ਨੂੰ ਸਕੂਲਾਂ ਵਿੱਚੋਂ ਹਟਾ ਕੇ ਬਚਾਅ ਵਾਲੀਆਂ ਥਾਵਾਂ ਤੇ ਭੇਜ ਦਿੱਤਾ ਗਿਆ ਤਾਂ ਜੋ ਮੁਲਕ ਦਾ ਭਵਿੱਖ ਤਬਾਹ ਨਾ ਹੋ ਜਾਵੇ।

ਮਾਂਵਾਂ ਕੋਲੋਂ ਨਿਖੇੜ ਕੇ ਬੱਚਿਆਂ ਨੂੰ ਜਿੰਦਾ ਬਚਾਉਣ ਵਾਸਤੇ, ਜਿੰਦਾ ਰੱਖਣ ਵਾਸਤੇ ਪੂਰਾ-ਪੂਰਾ ਇੰਤਜਾਮ ਕੀਤਾ ਗਿਆ ਸੀ। 4+1=5

19. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਸਪਸ਼ਟ ਕਰੋ

(ੳ) ਆਪੇ ਫਾਥੜੀਏ ਤੈਨੂੰ ਕੌਣ ਛੁਡਾਏ 2

(ਅ) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੇ 2

(ੲ) ਸਾਰਾ ਜਾਂਦਾ ਦੇਖੀਏ ਅੱਧਾ ਦੇਈਏ ਵੰਡ 2

(ਸ) ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਹੈ। 2

(ਹ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ। 2

(ਕ) ਨਵਾਂ ਨੌ ਦਿਨ ਪੁਰਾਣਾ ਸੌ ਦਿਨ। 2

2+2+2=6

20. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ

(ੳ) ਮੇਰਾ ਬਚਪਨ

(ਅ) ਪੁਰਾਣੇ ਪੰਜਾਬ ਨੂੰ ਅਵਾਜਾਂ

(ੲ) ਚੁੰਮ-ਚੁੰਮ ਰੱਖੋ। 5

21. ਕਿਸੇ ਇੱਕ ਕਹਾਣੀ ਦਾ ਸਾਰ ਲਿਖੋ

(ੳ) ਮਾੜਾ ਬੰਦਾ

(ਅ) ਆਪਣਾ ਦੇਸ 7